# ਸਿਟੀ ਆਫ ਬ੍ਰੈਂਪਟਨ, ਵਿਅਕਤੀਗਤ ਸਰਵਿਸ ਬ੍ਰੈਂਪਟਨ ਦੇ ਕਾਊਂਟਰਾਂ ਦਾ ਵਿਸਤਾਰ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (28 ਜੂਨ, 2022) – ਅੱਜ, 28 ਜੂਨ ਤੋਂ ਸ਼ੁਰੂ ਕਰਦੇ ਹੋਏ, ਸਰਵਿਸ ਬ੍ਰੈਂਪਟਨ (Service Brampton), ਸੇਵ ਮੈਕਸ ਸਪੋਰਟਸ ਸੈਂਟਰ (Save Max Sports Centre) ਵਿਖੇ ਇੱਕ ਨਵਾਂ ਪੌਪ-ਅਪ ਕਾਉਂਟਰ ਪੇਸ਼ ਕਰੇਗੀ ਅਤੇ ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ (Cassie Campbell Community Centre) ਅਤੇ ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre) ਵਿਖੇ ਘੰਟਿਆਂ ਦਾ ਵਿਸਤਾਰ ਕਰੇਗੀ।

ਸਰਵਿਸ ਬ੍ਰੈਂਪਟਨ ਕਾਉਂਟਰ, ਬ੍ਰੈਂਪਟਨ ਦੇ ਨਿਵਾਸੀਆਂ ਲਈ ਜਾਣਕਾਰੀ ਅਤੇ ਸਿਟੀ ਦੀਆਂ ਸੇਵਾਵਾਂ ਤੱਕ ਅਸਾਨ-ਪਹੁੰਚ ਤਰੀਕਾ ਪ੍ਰਦਾਨ ਕਰਦੇ ਹਨ। ਨਿਵਾਸੀ, ਸੁਵਿਧਾਜਨਕ ਤਰੀਕੇ ਨਾਲ, ਸਿਟੀ ਵਿੱਚ ਸਰਵਿਸ ਬ੍ਰੈਂਪਟਨ ਦੇ ਸਥਾਨਾਂ ਤੇ ਜਾ ਕੇ, ਸੇਵਾਵਾਂ ਦੀ ਬੇਨਤੀ ਅਤੇ ਕਈ ਵੱਖ-ਵੱਖ ਟ੍ਰਾਂਜੈਕਸ਼ਨਾਂ ਪੂਰੀਆਂ ਕਰ ਸਕਦੇ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਰੇਕ੍ਰੀਏਸ਼ਨ ਰਜਿਸਟਰੇਸ਼ਨ, ਪਾਰਕਿੰਗ ਟਿਕਟ ਭੁਗਤਾਨ ਅਤੇ ਗੈਰ-ਨਕਦੀ ਟੈਕਸ ਭੁਗਤਾਨ। ਇਹਨਾਂ ਸਥਾਨਾਂ ਵਿਖੇ ਕ੍ਰੈਡਿਟ ਕਾਰਡ, ਡੈਬਿਟ ਕਾਰਡ ਅਤੇ ਚੈੱਕ ਸਵੀਕਾਰ ਕੀਤੇ ਜਾਂਦੇ ਹਨ।

ਸੁਜੈਨ ਫੇਨਲ ਸਪੋਰਟਸਪੈਕਸ (Susan Fennell Sportspex) ਵਿਖੇ ਅਸਥਾਈ ਪੌਪ-ਅਪ ਕਾਉਂਟਰ, 27 ਜੂਨ, 2022 ਤੋਂ ਬੰਦ ਰਹਿਣਗੇ ਪਰੰਤੂ ਨਿਵਾਸੀ, ਸਿਟੀ ਹਾਲ (City Hall) ਜਾਂ ਬ੍ਰੈਂਪਟਨ ਸਿਵਿਕ ਸੈਂਟਰ (Brampton Civic Centre) ਵਿਖੇ ਸਰਵਿਸ ਬ੍ਰੈਂਪਟਨ ਤੇ ਜਾ ਸਕਦੇ ਹਨ। ਘੰਟੇ, www.brampton.ca/contactus ਤੇ ਦੇਖੋ।

ਨਵੇਂ ਸਰਵਿਸ ਬ੍ਰੈਂਪਟਨ ਦੇ ਪੌਪ-ਅਪ ਕਾਉਂਟਰਾਂ ਦਾ ਅਸਥਾਈ ਵਿਸਤਾਰ, 2022 ਦੇ ਅੰਤ ਤੱਕ ਹੋ ਜਾਵੇਗਾ। ਇਸਤੋਂ ਬਾਅਦ, ਸਟਾਫ ਨਿਰਧਾਰਤ ਕਰੇਗਾ ਕਿ ਕੀ ਉਹਨਾਂ ਨੇ ਬ੍ਰੈਂਪਟਨ ਦੇ ਨਿਵਾਸੀਆਂ ਲਈ ਗਾਹਕ ਅਨੁਭਵ ਵਧਾਏ ਹਨ ਜਾਂ ਕੀ ਸਥਾਨਾਂ ਦਾ ਸਥਾਈ ਤੌਰ ਤੇ ਵਿਸਤਾਰ ਕਰਨ ਦੀ ਲੋੜ ਹੈ।

ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਿਨ, ਸਰਵਿਸ ਬ੍ਰੈਂਪਟਨ ਤੱਕ ਪਹੁੰਚਣ ਦੇ ਚਾਰ ਸੁਵਿਧਾਜਨਕ ਤਰੀਕੇ ਹਨ:

- ਔਨਲਾਈਨ 311Brampton.ca ਤੇ ਜਾਓ
- ਐਪ ਸਟੋਰ ਜਾਂ Google Play ਤੇ 311 ਬ੍ਰੈਂਪਟਨ (311 Brampton) ਐਪ ਡਾਊਨਲੋਡ ਕਰੋ
- ਬ੍ਰੈਂਪਟਨ ਸਿਟੀ ਦੀਆਂ ਸੀਮਾਵਾਂ ਦੇ ਅੰਦਰ 311 (ਸਿਟੀ ਦੀਆਂ ਸੀਮਾਵਾਂ ਦੇ ਬਾਹਰੋਂ 905.874.2000) ਡਾਇਲ ਕਰੋ
- 311@brampton.ca ਤੇ ਈਮੇਲ ਕਰੋ

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca